## ਦਫ਼ਤਰ ਜ਼ਿਲ੍ਹਾ ਮੈਜਿਸਟਰੇਟ,ਫ਼ਤਹਿਗੜ੍ਹ ਸਾਹਿਬ।

(ਫੁੱਟਕਲ ਸ਼ਾਖਾ)

### ਹੁਕਮ

ਦਫਤਰੀ ਹੁਕਮ ਨੰ: 832 /ਫੁੱਟਕਲ ਮਿਤੀ 08-04-2020

ਇਸ ਦਫ਼ਤਰ/ਨਿਮਨ ਹਸਤਾਖਰ ਵੱਲੋ ਫੌਜਦਾਰੀ ਜਾਬਤਾ ਸੰਘਤਾ 1973(1974 ਦਾ ਐਕਟ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋ ਕਰਦੇ ਹੋਏ, ਹੁਕਮ ਨੰ: 813/ਐਮ.ਏ ਮਿਤੀ 23.03.2020 ਰਾਹੀ ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਕਰਫਿਊ ਲਗਾਇਆ ਗਿਆ ਸੀ ਅਤੇ ਹੁਕਮ 814/ਐਮ.ਏ ਮਿਤੀ 25.03.2020 ਅਤੇ ਹੁਕਮ ਨੰ:817/ਐਮ.ਏ, ਮਿਤੀ 28/3/2020 ਰਾਹੀ ਕਰਫਿਊ ਵਿੱਚ ਜਰੂਰੀ ਵਸਤੂਆਂ ਦੀ ਸਪਲਾਈ ਲਈ ਕੁਝ ਵਿਅਕਤੀਆਂ/ ਕੈਟਾਗਿਰੀਆਂ ਨੂੰ ਛੋਟ ਦਿੱਤੀ ਗਈ ਸੀ। ਇਸ ਹੁਕਮ ਦੀ ਲਗਾਤਾਰਤਾ ਵਿੱਚ ਮੈਂ ਅੰਮ੍ਰਿਤ ਕੌਰ ਗਿੱਲ,ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਫਤਹਿਗੜ੍ਹ ਸਾਹਿਬ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਹੇਠ ਲਿਖੇ ਅਨੁਸਾਰ ਕੁਝ ਹੋਰ ਛੋਟ ਦੇਣ ਸਬੰਧੀ ਹੁਕਮ ਜਾਰੀ ਕਰਦੀ ਹਾਂ:-

1. ਮੱਛੀ ਫਾਰਮ ਪਿੰਡ ਬਾਗੜੀਆਂ ਤੋਂ ਮੱਛੀ ਪੂੰਗ ਦੀ ਸਪਲਾਈ ਸਵੇਰੇ 09.00 ਵਜੇ ਤੋਂ ਸ਼ਾਮ 05.00 ਵਜੇ ਤੱਕ ਹੋਵੇਗੀ। ਸਹਾਇਕ ਡਾਇਰੈਕਟਰ ਮੱਛੀ ਪਾਲਣ ਵਿਭਾਗ, ਫ਼ਤਹਿਗੜ੍ਹ ਸਾਹਿਬ ਮੱਛੀ ਪੂੰਗ ਦੀ ਸਪਲਾਈ ਸਬੰਧੀ ਪ੍ਰਵਾਨਗੀ ਇਹ ਧੰਦਾ ਕਰਨ ਵਾਲਿਆ ਨੂੰ ਆਪਣੇ ਪੱਧਰ ਤੇ ਜਾਰੀ ਕਰਨਗੇ ਅਤੇ ਇਹ ਵੀ ਯਕੀਨੀ ਬਣਾਉਣਗੇ ਕਿ ਮੱਛੀ ਪੂੰਗ ਦੀ ਸਪਲਾਈ ਸਮੇਂ ਇਕੱਠ ਨਾ ਹੋਣ ਦਿੱਤਾ ਜਾਵੇ।
2. ਮਧੂ ਮੱਖੀ ਪਾਲਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਹਿਦ ਦੀ ਸਪਲਾਈ ਅਤੇ ਮੱਖੀ ਫਾਰਮਾਂ ਦੀ ਸਾਂਭ ਸੰਭਾਲ ਦਾ ਕੰਮ ਸਵੇਰੇ 09.00 ਤੋਂ ਸ਼ਾਮ 05.00 ਵਜੇ ਤੱਕ ਹੋਵੇਗਾ।
3. Essential Goods & Services ਲਈ ਢੋਆ ਢੋਆਈ ਵਿੱਚ ਲੱਗੇ ਹੋਏ ਵਾਹਨਾਂ ਦੀ ਰਿਪੇਅਰ ਦੀਆਂ ਵਰਕਸ਼ਾਪਾਂ/ਸਪੇਅਰ ਪਾਰਟਸ ਦੀਆਂ ਦੁਕਾਨਾਂ ਸਵੇਰੇ 07.00 ਵਜੇ ਤੋਂ ਦੁਪਹਿਰ 12.00 ਵਜੇ ਤੱਕ ਹੀ ਖੁਲ੍ਹਣਗੀਆਂ ਅਤੇ ਵਾਹਨਾਂ ਦੀ ਰਿਪੇਅਰ ਵਰਕਸ਼ਾਪ ਦੇ ਅੰਦਰ ਹੀ ਕੀਤੀ ਜਾਵੇ।

ਕਰਫਿਊ ਪਾਸ ਜਾਰੀ ਕਰਵਾਉਣ ਲਈ ਵੈਬਸਾਈਟ **https://epasscovid19.pais.net.in/** ਤੇ ਆਨਲਾਈਨ ਅਪਲਾਈ ਕੀਤਾ ਜਾਵੇ।

**ਕੋਵਿਡ-19 (ਕਰੋਨਾ ਵਾਈਰਸ) ਮਹਾਮਾਰੀ ਦੇ ਮਾੜੇ ਪ੍ਰਭਾਵਾ ਤੋਂ ਬਚਨ ਲਈ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਮਾਸਕ ਅਤੇ ਹੱਥਾਂ ਦੀ ਸਫਾਈ ਲਈ ਸੈਨੀਟਾਈਜ਼ਰ ਦੀ ਵਰਤੋਂ ਕੀਤੀ ਜਾਵੇ, ਇੱਕ ਦੂਜੇ ਤੋਂ 1.5 ਤੋਂ 2 ਮੀਟਰ ਦੀ ਦੂਰੀ ਬਣਾਕੇ ਰੱਖੀ ਜਾਵੇ ਅਤੇ ਸਰਕਾਰ ਵੱਲੋਂ ਜਾਰੀ ਹਦਾਇਤਾਂ/ਐਡਵਾਈਜ਼ਰੀਆਂ ਦਾ ਵੀ ਖਾਸ ਧਿਆਨ ਰੱਖਿਆ ਜਾਵੇ।**

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਲੋਕਾਂ ਦੇ ਨਾਮ ਜਾਰੀ ਕੀਤਾ ਜਾਂਦਾ ਹੈ। ਇਹ ਹੁਕਮ ਤੁਰੰਤ ਲਾਗੂ ਹੋਵੇਗਾ। ਇਸ ਹੁਕਮ ਦਾ ਜਿਲ੍ਹਾ ਲੋਕ ਸੰਪਰਕ ਅਫਸਰ,ਫਤਿਹਗੜ੍ਹ ਸਾਹਿਬ ਵੱਲੋਂ ਪ੍ਰੈਸ ਮੀਡੀਆ ਰਾਹੀਂ ਪ੍ਰਚਾਰ ਹੋਵੇ। ਇਸ ਹੁਕਮ ਦੀਆਂ ਨਕਲਾਂ ਇਸ ਜਿਲ੍ਹੇ ਦੇ ਸਦਰ ਦਫ਼ਤਰਾਂ, ਉਪ ਮੰਡਲ ਮੈਜਿਸਟਰੇਟਸ ਦਫ਼ਤਰਾਂ, ਥਾਣਿਆਂ, ਨਗਰ ਕੌਂਸਲਾਂ/ਪੰਚਾਇਤਾਂ/ਹਸਪਤਾਲ/ਰੇਵਲੇ ਸਟੇਸ਼ਨ/ਬੱਸ ਸਟੈਂਡ/ਤਹਿਸੀਲ ਦਫ਼ਤਰਾਂ/ਗਰਾਮ ਪੰਚਾਇਤਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਹੇਠ ਮਿਤੀ: 08-04-2020 ਨੂੰ ਜਾਰੀ ਹੋਇਆ।

DISTRICT MAGISTRATE Fatehgarh Sahib

ਜਿਲ੍ਹਾ ਮੈਜਿਸਟਰੇਟ,
ਫ਼ਤਹਿਗੜ੍ਹ ਸਾਹਿਬ।

ਪਿੱਠ ਅੰਕਣ ਨੰ. 8252-92 /ਫੁੱਟਕਲ-2 ਮਿਤੀ: 08-4-2020

ਇਸਦਾ ਇਕ ਉਤਾਰਾ:

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ,ਗ੍ਰਹਿ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
3. ਡਾਇਰੈਕਟਰ ਜਰਨਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ।
4. ਇੰਸਪੈਕਟਰ ਜਰਨਲ ਆਫ ਪੁਲਿਸ(ਸੀ.ਆਈ.ਡੀ.)ਪੰਜਾਬ, ਚੰਡੀਗੜ੍ਹ।
5. ਇੰਸਪੈਕਟਰ ਜਰਨਲ ਆਫ ਪੁਲਿਸ,ਰੂਪਨਗਰ ਰੇਂਜ, ਰੂਪਨਗਰ।
6. ਕਮਿਸ਼ਨਰ, ਪਟਿਆਲਾ ਮੰਡਲ, ਪਟਿਆਲਾ।
7. ਜਿਲ੍ਹਾ ਅਤੇ ਸੈਸ਼ਨ ਜੱਜ,ਫਤਿਹਗੜ੍ਹ ਸਾਹਿਬ।
8. ਸਮੂਹ ਜਿਲ੍ਹਾ ਮੈਜਿਸਟਰੇਟ, ਪੰਜਾਬ ਰਾਜ.......................................................................।
9. ਸੀਨੀਅਰ ਕਪਤਾਨ ਪੁਲਿਸ, ਫਤਿਹਗੜ੍ਹ ਸਾਹਿਬ।
10. ਵਧੀਕ ਡਿਪਟੀ ਕਮਿਸ਼ਨਰ(ਵਿਕਾਸ), ਫ਼ਤਹਿਗੜ੍ਹ ਸਾਹਿਬ।
11. ਉਪ ਮੰਡਲ ਮੈਜਿਸਟਰੇਟ,ਫਗਸ/ਅਮਲੋਹ/ਬਸੀ ਪਠਾਣਾ/ਖਮਾਣੋ ।
12. ਜਿਲ੍ਹਾ ਅਟਾਰਨੀ,ਫਤਹਿਗੜ੍ਹ ਸਾਹਿਬ।
13. ਸਿਵਲ ਸਰਜਨ, ਫਤਹਿਗੜ੍ਹ ਸਾਹਿਬ।
14. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,ਫਤਿਹਗੜ੍ਹ ਸਾਹਿਬ।
15. ਜਿਲ੍ਹਾ ਲੋਕ ਸੰਪਰਕ ਅਫਸੈਰ,ਫਤਹਿਗੜ੍ਹ ਸਾਹਿਬ।
16. ਜਿਲ੍ਹਾ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈ ਖਪਤਕਾਰ ਮਾਮਲੇ, ਫ਼ਤਹਿਗੜ੍ਹ ਸਾਹਿਬ।
17. ਮੁੱਖ ਖੇਤੀਬਾੜੀ ਅਫਸਰ,ਫਤਹਿਗੜ੍ਹ ਸਾਹਿਬ।
18. ਜਿਲ੍ਹਾ ਮੰਡੀ ਅਫਸਰ,ਸਰਹਿੰਦ
19. ਕਾਰਜਕਰੀ ਇੰਜੀ:,ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ,ਫ਼ਗਸ।
20. ਸਹਾਇਕ ਡਾਇਰੈਕਟਰ, ਮੱਛੀ ਪਾਲਣ ਵਿਭਾਗ, ਫ਼ਤਹਿਗੜ੍ਹ ਸਾਹਿਬ।
21. ਕਾਰਜ ਸਾਧਕ ਅਫਸਰ,ਨਗਰ ਕੌਂਸਲ/ਨਗਰ ਪੰਚਾਇਤ,ਸਰਹਿੰਦ-ਫਗਸ/ਅਮਲੋਹ/ਮੰਡੀ ਗੋਬਿੰਦਗੜ੍ਹ/ਬਸੀ ਪਠਾਣਾ/ਖਮਾਣੋ।
    ਪਾਸ ਸੂਚਨਾ ਅਤੇ ਜਿਥੇ ਜਰੂਰੀ ਹੋਵੇ ਉੱਥੇ ਲੋੜੀਂਦੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ।
22. ਪੀ.ਏ.ਟੂ ਡੀ.ਐਮ./ਸਟੌਨੋ ਟੂ ਏ.ਡੀ.ਐਮ./ਸਟੈਨੋ ਟੂ ਸ.ਕ.(ਜ਼),ਸਟੈਨੋ ਟੂ ਈ.ਐਮ,ਫਤਹਿਗੜ੍ਹ ਸਾਹਿਬ ਨੂੰ ਸੂਚਨਾ ਹਿਤ।

ਸਹਾਇਕ ਕਮਿਸ਼ਨਰ(ਜ),
ਵਾ: ਜਿਲ੍ਹਾ ਮੈਜਿਸਟਰੇਟ,
ਫਤਹਿਗੜ੍ਹ ਸਾਹਿਬ।